ਨੰਬਰ/ਐਫ.ਸੀ.ਏ. 945

ਮਿਤੀ 21-06-2018

ਵਲੋਂ ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਸੇਵਾ ਵਿਖੇ ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ.),
ਅਤੇ ਨੋਡਲ ਅਫਸਰ (ਐੱਫ.ਸੀ.ਏ),
ਪੰਜਾਬ, ਐੱਸ.ਏ.ਐੱਸ. ਨਗਰ।

ਵਿਸ਼ਾ **Diversion area of 0.0025 ha. of forest land for approach road to Bliss Public school (B.P.S. education Society) situated at Village Manna on Hoshiarpur-Phagwara road, KM 8-9 RHS Tehsil & Distt. Hoshiarpur, under Hoshiarpur Forest Division. (Old Withdrawal Proposal No. FP/PB/SCH/10477/2015 dated 26/02/2015 and New Proposal No. FP/PB/Approach/34039/2018 dated 08/06/2018)**

ਹਵਾਲਾ: ਇਸ ਦਫਤਰ ਦਾ ਪੱਤਰ ਨੰ: 145 ਮਿਤੀ 18-04-2018 ਅਤੇ ਆਪ ਜੀ ਦਾ ਪੱਤਰ ਨੰ: FCA/1980/89/2018/648 ਮਿਤੀ 08-05-2018

********

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਵੱਲੋਂ ਹਵਾਲੇ ਅਧੀਨ ਪੱਤਰ ਰਾਹੀਂ ਮੰਗੀ ਗਈ ਸੂਚਨਾ ਮੁਕੰਮਲ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਭੇਜੀ ਜਾਂਦੀ ਹੈ ਜੀ:-

1. ਯੂਜਰ ਏਜੰਸੀ ਵੱਲੋਂ ਪੁਰਾਣੀ ਪ੍ਰੋਪੋਜਲ FP/PB/SCH/10477/2015 dated 26/02/2015 ਨੂੰ ਵਿਦਡਰਾਅ ਕਰਕੇ (ਯੂਜਰ ਏਜੰਸੀ ਵੱਲੋਂ ਦਿੱਤਾ ਵਿਦਡਰਾਅਲ ਸਬੰਧੀ ਪੱਤਰ ਨੱਥੀ) ਨਵੀਂ ਪ੍ਰੋਪੋਜਲ FP/PB/Approach/34039/2018 dated 08/06/2018 ਅਨੁਸਾਰ ਕੈਟਾਗਿਰੀ ਚੇਂਜ ਕਰ ਦਿੱਤੀ ਗਈ ਹੈ। ਇਸ ਨਵੀਂ ਪ੍ਰੋਪੋਜਲ ਦਾ ਪਾਰਟ-1 ਨਾਲ ਨੱਥੀ ਹੈ। ਇਸ ਤੋਂ ਇਲਾਵਾ ਬੇਨਤੀ ਹੈ ਕਿ ਇਸ ਦਫਤਰ ਵੱਲੋਂ ਹਵਾਲੇ ਅਧੀਨ ਪੱਤਰ ਨਾਲ ਪਹਿਲਾਂ ਭੇਜੀ ਗਈ ਪ੍ਰੋਪੋਜਲ ਵਿੱਚ ਐੱਫ.ਆਰ.ਏ. 2006 ਦਾ ਸਰਟੀਫਿਕੇਟ ਮੂਲ ਰੂਪ ਵਿੱਚ ਅਤੇ ਪੀ.ਡਬਲਿਯੂ.ਡੀ. ਦਾ ਐੱਨ.ਓ.ਸੀ. ਪਹਿਲੀ ਪ੍ਰੋਪੋਜਲ ਵਿੱਚ ਭੇਜੇ ਹੋਏ ਹਨ। ਇਸ ਤੋਂ ਇਲਾਵਾ ਪੀ.ਪੀ.ਸੀ.ਬੀ. ਦਾ ਐੱਨ.ਓ.ਸੀ. ਨਾ ਲਾਗੂ ਹੋਣ ਬਾਰੇ ਯੂਜਰ ਏਜੰਸੀ ਵੱਲੋਂ ਦਿੱਤਾ ਸਰਟੀਫਿਕੇਟ ਅਤੇ ਸੀ.ਐੱਲ.ਯੂ. ਦਾ ਐੱਨ.ਓ.ਸੀ. ਨਾ ਲਾਗੂ ਹੋਣ ਬਾਰੇ ਗਾਈਡਲਾਈਨਾਂ, ਯੂਜਰ ਏਜੰਸੀ ਵੱਲੋਂ 50/-ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬਣਦੀ ਰਕਮ 1,250/- ਰੁਪਏ ਪੰਜਾਬ ਗਰੀਨਿੰਗ ਮਿਸ਼ਨ ਫੰਡ ਦੇ ਅਕਾਊਂਟ ਨੰਬਰ 1488000101175523 ਵਿੱਚ ਜਮ੍ਹਾਂ ਕਰਵਾਉਣ ਅਤੇ ਪ੍ਰੋਸੈਸਿੰਗ ਫੀਸ 1000/- ਰੁਪਏ 8782

D:\FCA (Santosh)\Forests Clearance.nic.in\F.C.A-_Sham_LG.doc

ਫਾਰੈਸਟ ਰਿਮੀਟੈਂਸ ਹੈੱਡ ਅਧੀਨ ਵਣ ਰੇਂਜ ਅਫਸਰ, ਹੁਸ਼ਿਆਰਪੁਰ ਪਾਸ ਜਮ੍ਹਾਂ ਕਰਵਾਉਣ ਸਬੰਧੀ ਰਸੀਦਾਂ ਵੀ ਸ਼ਾਮਲ ਕਰਕੇ ਭੇਜੇ ਹੋਏ ਹਨ। ਯੂਜਰ ਏਜੰਸੀ ਵੱਲੋਂ ਕੈਟਾਗਿਰੀ ਚੇਂਜ ਕਰਕੇ ਨਵੀਂ ਬਣਾਈ ਪ੍ਰੋਪੋਜਲ ਸਬੰਧੀ ਇਸ ਦਫਤਰ ਵੱਲੋਂ ਕੇਸ ਨਾਲ ਸਬੰਧਤ ਦਸਤਾਵੇਜ ਅਪਲੋਡ ਕਰ ਦਿੱਤੇ ਗਏ ਹਨ। ਸਾਈਟ ਇੰਸਪੈਕਸ਼ਨ ਰਿਪੋਰਟ ਮਿਤੀ 21/6/18 ਅਤੇ ਆਨਲਾਇਨ ਪਾਰਟ-2 ਨਾਲ ਨੱਥੀ ਹਨ।

2. ਇੰਨਵਾਇਰਨਮੈਂਟ ਕਲੀਅਰੈਂਸ ਦਾ ਐੱਨ.ਓ.ਸੀ. ਲਾਗੂ ਨਾ ਹੋਣ ਸਬੰਧੀ ਯੂਜਰ ਏਜੰਸੀ ਵੱਲੋਂ ਦਿੱਤੀ ਗਈ ਜਸਟੀਫਿਕੇਸ਼ਨ ਨਾਲ ਨੱਥੀ ਹੈ।

ਕ੍ਰਿਪਾ ਕਰਕੇ ਇਸ ਕੇਸ ਸਬੰਧੀ ਲੋੜੀਂਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ:ਉੱਪਰਵਾਂਗ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ 946-48 ਮਿਤੀ 21-06-2018

ਇਸ ਦੀ ਨਕਲ ਹੇਠ ਲਿਖਿਆਂ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ: 146-48 ਮਿਤੀ 18-04-2018 ਦੇ ਹਵਾਲੇ ਵਿੱਚ ਭੇਜੀ ਜਾਂਦੀ ਹੈ :-

1) ਵਣ ਪਾਲ, ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ ਸਮੇਤ ਸਹਿਪੱਤਰ ਉਨ੍ਹਾਂ ਦੇ ਪਿੱਠ ਅੰਕਣ ਨੰ: ਐਫ.ਸੀ.ਏ./1980/1198/874 ਮਿਤੀ 14-05-2018 ਦੇ ਹਵਾਲੇ ਵਿੱਚ ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

2) ਵਣ ਰੇਂਜ ਅਫਸਰ, ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।

3) **President, Bliss Public School Education Society, Village Manna, Tehsil & District Hoshiarpur** ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਪ੍ਰੋਪੋਜਲ ਸਬੰਧੀ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਨੰਬਰ/ਐਫ.ਸੀ.ਏ....145.......
ਮਿਤੀ...18-04-2018...

ਵਲੋਂ ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਸੇਵਾ ਵਿਖੇ ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ.),
ਅਤੇ ਨੋਡਲ ਅਫਸਰ (ਐੱਫ.ਸੀ.ਏ),
ਪੰਜਾਬ, ਐੱਸ.ਏ.ਐੱਸ. ਨਗਰ।

ਵਿਸ਼ਾ- **Diversion area of 0.0025 ha. of forest land for approach road to Bliss Public school (B.P.S. education Society) situated at Village Manna on Hoshiarpur-Phagwara road, KM 8-9 RHS Tehsil & Distt. Hoshiarpur, under Hoshiarpur Forest Division. (Proposal No. FP/PB/SCH/10477/2015 dated 26/02/2015)**

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਯੂਜਰ ਏਜੰਸੀ ਵੱਲੋ ਵਣ ਵਿਭਾਗ ਦੀ ਡਾਇਰਵਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਰਵੇਸ਼ਨ ਐਕਟ 1980 ਤਹਿਤ ਆਨ-ਲਾਈਨ ਕਰਕੇ ਪ੍ਰਵਾਨਗੀ ਲਈ ਭੇਜੀ ਹੈ। ਯੂਜਰ ਏਜੰਸੀ ਇੱਕ ਪ੍ਰਾਈਵੇਟ ਅਦਾਰਾ ਹੈ। ਇਸ ਤਜਵੀਜ ਵਿੱਚ **0.0025** ਹੈਕਟਰ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ। ਇਹ ਰਕਬਾ ਦਫਾ 4 ਅਤੇ 5 ਅਧੀਨ ਨਹੀਂ ਆਉਂਦਾ। ਇਸ ਕੇਸ ਵਿੱਚ ਵਣ ਵਿਭਾਗ ਦਾ ਕੋਈ ਸਰਕਾਰੀ ਰੁੱਖ/ਪੌਦਾ ਪ੍ਰਭਾਵਿਤ ਨਹੀਂ ਹੁੰਦਾ। ਕੇਸ ਵਿੱਚ ਬਣਦੀ ਕੰਪਨਸੇਟਰੀ ਪਲਾਂਟੇਸ਼ਨ (ਪੱਤਰ ਨੰ: FCA/1980/6884-6900 dated 31-08-2016 ਅਨੁਸਾਰ ਪ੍ਰਾਪਤ ਹੋਈ ਸੋਧੀ ਹੋਈ ਸੀ.ਏ. ਸਕੀਮ ਅਨੁਸਾਰ) ਅਤੇ ਐੱਨ.ਪੀ.ਵੀ/ਅਡੀਸ਼ਨਲ ਐੱਨ.ਪੀ.ਵੀ. ਦੀ ਬਣਦੀ ਕੀਮਤ ਦੇਣ ਸਬੰਧੀ ਅਤੇ ਹੋਰ ਲੋੜੀਂਦੀ ਅੰਡਰਟੇਕਿੰਗ ਯੂਜਰ ਏਜੰਸੀ ਵੱਲੋਂ ਦਿੱਤੀਆਂ ਗਈਆਂ ਹਨ ਜੋ ਕਿ ਪ੍ਰਪੋਜਲ ਵਿੱਚ ਸ਼ਾਮਲ ਹਨ। ਨਿਮਨਹਸਤਾਖਰ ਨੇ ਇਸ ਰਕਬੇ ਦਾ ਮਿਤੀ ..10/4/2018... ਨੂੰ ਨਿੱਜੀ ਨਿਰੀਖਣ ਕਰ ਲਿਆ ਹੈ, ਜਿਸ ਦਾ ਲੋੜੀਂਦਾ ਸਰਟੀਫਿਕੇਟ ਤਜਵੀਜ ਪੰਨਾ ਨੰ: ....... ਤੇ ਹੈ। ਇਸ ਕੇਸ ਵਿੱਚ ਬਣਦੀ ਕੰਪਨਸੇਟਰੀ ਪਲਾਂਟੇਸ਼ਨ ਲਈ ਰਕਬਾ 0.050 ਹੈਕਟਰ ਡਾਡਾ ਪੀ.ਐੱਫ (ਕੇ.ਐੱਮ.ਐੱਲ. ਫਾਇਲ ਅਤੇ ਡੀ.ਜੀ.ਪੀ.ਐੱਸ. ਮੈਪ ਦੀ ਸੀ.ਡੀ. ਨੱਥੀ) ਚੁਣਿਆ ਗਿਆ ਹੈ। ਯੂਜਰ ਏਜੰਸੀ ਵੱਲੋਂ 0.0025 ਹੈਕਟਰ ਵਣ ਰਕਬੇ ਦੀ ਵਾਇਓਲੇਸ਼ਨ ਕੀਤੀ ਗਈ ਹੈ, ਜਿਸ ਸਬੰਧੀ ਡਿਟੇਲ ਵਾਇਓਲੇਸ਼ਨ ਰਿਪੋਰਟ ਪ੍ਰੋਪੋਜਲ ਦੇ ਪੰਨਾ ਨੰ: ...... ਤੇ ਸ਼ਾਮਲ ਹੈ ਅਤੇ ਇਸ ਪ੍ਰਭਾਵਿਤ ਵਣ ਰਕਬੇ (0.0025 ਹੈਕਟਰ) ਦੀ 10 ਗੁਣਾ ਪੀਨਲ ਸੀ.ਏ. 0.025 ਹੈਕਟਰ ਡਾਡਾ ਪੀ.ਐੱਫ. ਵਿੱਚ ਕਰਵਾਈ ਜਾਵੇਗੀ, ਜਿਸ ਨੂੰ ਵੀ ਸੀ.ਏ. ਸਕੀਮ ਵਿੱਚ ਐਡ ਕਰਕੇ ਪ੍ਰੋਪੋਜਲ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ। PWD ਦਾ ਐੱਨ.ਓ.ਸੀ. ਪ੍ਰੋਪੋਜਲ ਵਿੱਚ ਸ਼ਾਮਲ ਹੈ। CLU ਦਾ ਐੱਨ.ਓ.ਸੀ. ਨਾ ਲਾਗੂ ਹੋਣ ਬਾਰੇ ਯੂਜਰ ਏਜੰਸੀ ਵੱਲੋਂ ਸੀ.ਐੱਲ.ਯੂ. ਦੀ ਗਾਇਡਲਾਈਨ ਦਿੱਤੀ ਗਈ ਹੈ ਜੋਕਿ ਪ੍ਰੋਪੋਜਲ ਵਿੱਚ ਸ਼ਾਮਲ ਹੈ। PPCB ਦਾ ਐੱਨ.ਓ.ਸੀ. ਨਾ ਲਾਗੂ ਹੋਣ ਬਾਰੇ ਯੂਜਰ ਏਜੰਸੀ ਵੱਲੋਂ ਲਿਖ ਕੇ ਦਿੱਤਾ ਗਿਆ ਹੈ ਕਿ ਸਕੂਲ ਵਿੱਚ ਸਿਰਫ ਸਾਇਲੈਂਟ ਪਾਵਰ ਜਨਰੇਟਰ ਵਰਤਿਆ ਜਾ ਰਿਹਾ ਹੈ, ਇਸ ਲਈ ਇਸ ਐੱਨ.ਓ.ਸੀ. ਦੀ ਲੋੜ ਨਹੀਂ ਹੈ। ਐੱਫ.ਆਰ.ਏ. 2006 ਦਾ ਸਰਟੀਫਿਕੇਟ ਮੂਲ ਰੂਪ ਵਿੱਚ ਇਸ ਦਫਤਰ ਵੱਲੋਂ ਅਡੀਸ਼ਨਲ ਇੰਨਫਰਮੇਸ਼ਨ ਵਾਲੇ ਕਾਲਮ ਵਿੱਚ ਆਨਲਾਈਨ ਅਪਲੋਡ ਕਰ ਦਿੱਤਾ ਗਿਆ ਹੈ, ਜੋਕਿ ਪ੍ਰੋਪੋਜਲ ਵਿੱਚ ਅਸਲ ਸ਼ਾਮਲ ਹੈ ਅਤੇ ਯੂਜਰ ਏਜੰਸੀ ਵੱਲੋਂ ਪ੍ਰਭਾਵਿਤ ਰਕਬੇ ਦੇ 50/-ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬਣਦੀ ਰਕਮ 1,250/- ਰੁਪਏ ਪੰਜਾਬ ਗਰੀਨਿੰਗ ਮਿਸ਼ਨ ਫੰਡ ਦੇ ਅਕਾਊਂਟ ਨੰਬਰ 1488000101175523 ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ (ਕਾਪੀ ਨੱਥੀ)। ਯੂਜਰ ਏਜੰਸੀ ਨੇ ਇਸ ਕੇਸ ਦੀ ਪ੍ਰੋਸੈਸਿੰਗ ਫੀਸ 1000/- ਰੁਪਏ 8782 ਫਾਰੈਸਟ ਰਿਮੀਟੈਂਸ ਹੈੱਡ ਅਧੀਨ ਵਣ ਰੇਂਜ ਅਫਸਰ, ਹੁਸ਼ਿਆਰਪੁਰ ਪਾਸ ਜਮ੍ਹਾਂ ਕਰਵਾ ਦਿੱਤੀ ਹੈ (ਕਾਪੀ ਨੱਥੀ)। ਤਜਵੀਜ ਵਣ ਕੰਜਰਵੇਸ਼ਨ ਐਕਟ ਦੀ ਧਾਰਾ 2 ਦੀ ਪ੍ਰਾਵਾਨਗੀ ਲਈ ਸਿਫਾਰਿਸ਼ ਸਹਿਤ ਦੋ ਪੜ੍ਹਤਾਂ ਵਿੱਚ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

ਸਹਿਪੱਤਰ:ਉੱਪਰਵਾਂਗ।
**ਕੇਸ ਦੋ ਪੜ੍ਹਤਾਂ ਵਿੱਚ।**

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ...146-48......ਮਿਤੀ...18-04-2018...
ਇਸ ਦੀ ਇਕ ਨਕਲ :-

1) ਵਣ ਪਾਲ, ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ **ਸਮੇਤ ਪ੍ਰੋਪੋਜਲ ਦੀ ਇੱਕ ਪੜ੍ਹਤ** ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।
2) ਵਣ ਰੇਂਜ ਅਫਸਰ, ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।
3) **President, Bliss Public School Education Society, Village Manna, Tehsil & District Hoshiarpur** ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ 1980 ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

D:\FCA (Santosh)\Forests Clearance.nic.in\F.C.A_Sham_LG.doc